**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ**
**ਐਸ.ਸੀ.ਓ. ਨੰ 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ**
**ਫੋਨ ਨੰ 0172-5015864, 5015865, ਫੈਕਸ: 0172-2624687 Email ID: perveshssa@gmail.com**

**ਯਾਦ ਪੱਤਰ ਨੰ 1**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ./ਐ.ਸਿ)
ਪੰਜਾਬ।

ਮੀਮੋ ਨੰ: ਏ.ਐਸ.ਪੀ.ਡੀ. (ਮੀਡੀਆ)/ਐਸ.ਐਸ.ਏ./2012/000021
ਮਿਤੀ, ਚੰਡੀਗੜ੍ਹ: 01-01-2013

**ਵਿਸ਼ਾ:-** **ਸਮੂਹ ਸੀਨੀਅਰ ਸੈਕੰਡਰੀ/ਹਾਈ ਸਕੂਲਾਂ ਅੰਦਰ ਮੈਗਜ਼ੀਨ ਕੱਢਣ ਅਤੇ ਸਮੂਹ ਸਕੂਲਾਂ ਲਈ 'ਸਕੂਲ ਭਲਾਈ ਫੰਡ' ਸਬੰਧੀ।**

**ਹਵਾਲਾ:** **ਇਸ ਦਫ਼ਤਰ ਦਾ ਪੱਤਰ ਨੰ ਏ.ਐਸ.ਪੀ.ਡੀ./ਮੀਡੀਆ/2012/88247 ਮਿਤੀ 05.11.2012, ਪੱਤਰ ਨੰ ਸਸਅ/2012/ਐਡਮਨ/83660 ਮਿਤੀ 14.08.2012 ਅਤੇ ਪੱਤਰ ਨੰ ਏ.ਐਸ.ਪੀ.ਡੀ./ਮੀਡੀਆ/2012/89546 ਮਿਤੀ 29.11.2012**

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰਾਂ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਹਵਾਲਾ ਅਧੀਨ ਪੱਤਰ ਮਿਤੀ 05.11.2012 ਅਨੁਸਾਰ ਲਿਖਿਆ ਗਿਆ ਸੀ ਕਿ ਸਮੂਹ ਸੀਨੀਅਰ ਸੈਕੰਡਰੀ/ਹਾਈ ਸਕੂਲਾਂ ਵਿੱਚ ਬੱਚਿਆਂ ਦੇ ਸਰਵਪੱਖੀ ਵਿਕਾਸ ਵੱਲ ਧਿਆਨ ਕੇਂਦਰਿਤ ਕਰਦਿਆਂ ਸਕੂਲ ਵੱਲੋਂ ਆਪਣੇ ਪੱਧਰ ਤੇ 31.12.2012 ਤੱਕ ਇੱਕ ਮੈਗਜ਼ੀਨ ਕੱਢਿਆ ਜਾਵੇ ਅਤੇ ਹਵਾਲਾ ਅਧੀਨ ਪੱਤਰ ਮਿਤੀ 14.08.2012 ਅਨੁਸਾਰ ਸਕੂਲਾਂ ਵਿੱਚ ਪੰਚਾਇਤਾਂ/ਅਧਿਆਪਕਾਂ ਅਤੇ ਦਾਨੀ ਸੱਜਣਾਂ ਵੱਲੋਂ ਦਾਨ ਕੀਤੇ ਵੱਖਰੇ ਫੰਡਾਂ ਲਈ 'ਸਕੂਲ ਭਲਾਈ ਫੰਡ' ਦੇ ਵੱਖਰੇ ਖਾਤੇ ਸਬੰਧੀ ਲਿਖਿਆ ਗਿਆ ਸੀ।

3.0 ਆਪ ਜੀ ਨੂੰ ਇਸ ਪੱਤਰ ਰਾਹੀਂ ਦੁਬਾਰਾ ਲਿਖਿਆ ਜਾਂਦਾ ਹੈ ਕਿ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ./ਐ.ਸਿ.) ਦੀ ਹੋਣ ਵਾਲੀ ਮਹੀਨਾਵਾਰ ਰਿਵਿਊ ਮੀਟਿੰਗ ਤੋਂ ਪਹਿਲਾਂ ਉਪਰੋਕਤ ਸਬੰਧੀ ਹੇਠ ਲਿਖੇ ਪ੍ਰੋਫਾਰਮੇ ਅਨੁਸਾਰ ਰਿਪੋਰਟ ਕਰਨਗੇ:

**(ੳ) ਮੈਗਜ਼ੀਨ ਕੱਢਣ ਸਬੰਧੀ:**

| **ਜ਼ਿਲ੍ਹਾ** | **ਸਕੂਲ** | **ਕੁੱਲ ਗਿਣਤੀ** | **ਕਿੰਨੇ ਸਕੂਲਾਂ ਵੱਲੋਂ ਮੈਗਜ਼ੀਨ ਕੱਢਿਆ ਗਿਆ?** | **ਬਾਕੀ ਰਹਿੰਦੇ ਸਕੂਲਾਂ ਦੀ ਗਿਣਤੀ** | **ਵਿਸ਼ੇਸ਼ ਕਥਨ** |
|---|---|---|---|---|---|
| | ਹਾਈ | | | | |
| | ਸੀਨੀਅਰ ਸੈਕੰਡਰੀ | | | | |

**ਨੋਟ: ਕਈ ਮਿਡਲ ਸਕੂਲਾਂ ਵੱਲੋਂ ਵੀ ਮੈਗਜ਼ੀਨ ਛਾਪੇ ਗਏ ਹਨ। ਉਹਨਾਂ ਦੀ ਜਾਣਕਾਰੀ ਵੀ ਭੇਜੀ ਜਾਵੇ।**

**(ਅ) ਸਕੂਲ ਭਲਾਈ ਫੰਡ ਸਬੰਧੀ (ਅੱਪਰ-ਪ੍ਰਾਇਮਰੀ ਸਕੂਲ):-**

| ਜ਼ਿਲ੍ਹਾ | ਸਕੂਲ | ਗਿਣਤੀ | ਕਿੰਨੇ ਸਕੂਲਾਂ ਅੰਦਰ ਖਾਤੇ ਖੋਲੇ ਗਏ? | ਬਾਕੀ ਰਹਿੰਦੇ ਸਕੂਲਾਂ ਦੀ ਗਿਣਤੀ | ਵਿਸ਼ੇਸ਼ ਕਥਨ |
|---|---|---|---|---|---|
| | ਮਿਡਲ | | | | |
| | ਹਾਈ | | | | |
| | ਸੀਨੀਅਰ ਸੈਕੰਡਰੀ | | | | |

**(ੲ) ਸਕੂਲ ਭਲਾਈ ਫੰਡ ਸਬੰਧੀ (ਪ੍ਰਾਇਮਰੀ ਸਕੂਲ):-**

| ਜ਼ਿਲ੍ਹਾ | ਸਕੂਲ | ਗਿਣਤੀ | ਕਿੰਨੇ ਸਕੂਲਾਂ ਅੰਦਰ ਖਾਤੇ ਖੋਲੇ ਗਏ? | ਬਾਕੀ ਰਹਿੰਦੇ ਸਕੂਲਾਂ ਦੀ ਗਿਣਤੀ | ਵਿਸ਼ੇਸ਼ ਕਥਨ |
|---|---|---|---|---|---|
| | ਪ੍ਰਾਇਮਰੀ | | | | |

4.0 ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ./ਐ.ਸਿ.) ਨੂੰ ਇਹ ਲਿਖਿਆ ਜਾਂਦਾ ਹੈ ਕਿ ਆਪਣੇ-ਆਪਣੇ ਜ਼ਿਲ੍ਹੇ ਦੇ ਸਕੂਲਾਂ ਵਿੱਚ ਛਪ ਰਹੇ ਮੈਗਜ਼ੀਨਾਂ ਅਤੇ ਸਕੂਲ ਭਲਾਈ ਫੰਡ ਬਾਰੇ ਮੁਨੀਟਰ ਕੀਤਾ ਜਾਵੇ ਅਤੇ ਇਸ ਦੀ ਹਦਾਇਤ ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਡੀ.ਆਰ.ਪੀ./ਬੀ.ਆਰ.ਪੀ. ਨੂੰ ਵੀ ਕੀਤੀ ਜਾਵੇ ਕਿ ਜਦ ਵੀ ਉਹ ਸਕੂਲ ਵਿਜ਼ਟ ਲਈ ਜਾਂਦੇ ਹਨ ਤਾਂ ਸਕੂਲ ਮੈਗਜ਼ੀਨ ਅਤੇ ਸਕੂਲ ਭਲਾਈ ਫੰਡ ਬਾਰੇ ਸਕੂਲ ਮੁਖੀ ਨਾਲ ਜ਼ਰੂਰ ਗੱਲਬਾਤ ਸਾਂਝੀ ਕਰਨ।

5.0 ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

**ਪਿੱਠਅੰਕਣ ਨੰ: ਉਕਤ/** 000022 **ਮਿਤੀ:** 01-01-2013

**ਉਤਾਰਾ:**

(1) ਸਮੂਹ ਸੀਨੀਅਰ ਸੈਕੰਡਰੀ/ਹਾਈ ਸਕੂਲ ਮੁਖੀ (ਵੈਬਸਾਈਟ ਰਾਹੀਂ)।

ਸਮੂਹ ਸੀਨੀਅਰ ਸੈਕੰਡਰੀ/ਹਾਈ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਉਹਨਾਂ ਵੱਲੋਂ ਸਕੂਲ ਪੱਧਰ ਤੇ ਕੱਢੇ ਜਾ ਰਹੇ ਮੈਗਜ਼ੀਨ ਦੀ ਇੱਕ ਕਾਪੀ ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ, ਐਸ.ਸੀ.ਓ. 104-106 ਦੂਜੀ ਮੰਜ਼ਿਲ, ਸੈਕਟਰ 34 ਏ, ਚੰਡੀਗੜ੍ਹ ਦੇ ਪਤੇ ਤੇ ਭੇਜੀ ਜਾਵੇ।

(2) ਡੀ.ਐਮ. (ਐਮ.ਆਈ.ਐਸ.) (ਵੈਬਸਾਈਟ ਤੇ ਪਾਉਣ ਲਈ)।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**